# ਇਹ ਹਮਾਰਾ ਜੀਵਣਾ

**ਪੁਲਿਸ ਦਾ ਸਮਾਜਿਕ ਵਰਤਾਰਾ** ਜਦੋਂ ਦਾ ਦੇਸ਼ ਆਜ਼ਾਦ ਹੋਇਆ ਹੈ, ਪੁਲਿਸ ਦੇ ਸਮਾਜਿਕ ਵਰਤਾਰੇ ਬਾਰੇ ਬੜੀ ਚਰਚਾ ਹੋਈ ਹੈ। ਆਜ਼ਾਦੀ ਦੇ ਮੁੱਢਲੇ ਸਾਲਾਂ ਵਿਚ ਜਦੋਂ ਵੀ ਕੋਈ ਲੀਡਰ ਬੋਲਦਾ ਸੀ ਤਾਂ ਉਹ ਇਹ ਕਹਿੰਦਾ ਸੀ ਕਿ ਹੁਣ ਦੇਸ਼ ਆਜ਼ਾਦ ਹੋ ਗਿਆ ਹੈ, ਇਸ ਲਈ ਪੁਲਿਸ ਵਾਲਿਆਂ ਨੂੰ ਅੰਗਰੇਜ਼ਾਂ ਵੇਲੇ ਦੀ ਆਪਣੀ ਜ਼ਹਿਨੀਅਤ ਬਦਲਣੀ ਚਾਹੀਦੀ ਹੈ ਪਰ ਹੁੰਦਾ ਕੁਝ ਨਹੀਂ ਸੀ ਕਿਉਂਕਿ ਪੁਲਿਸ ਦੀ ਸਾਰੀ ਸਿਖਲਾਈ ਉਹਨਾਂ ਹੀ ਲੀਹਾਂ 'ਤੇ ਸੀ ਜੋ ਲੀਹਾਂ ਅੰਗਰੇਜ਼ਾਂ ਵੇਲੇ ਦੀਆਂ ਕਾਇਮ ਸਨ। ਆਉਣ ਵਾਲੇ ਸਾਲਾਂ ਵਿਚ ਕਈ ਕਮਿਸ਼ਨ ਬੈਠੇ, ਜਿਹੜੇ ਇਸ ਗੱਲ ਉੱਤੇ ਜ਼ੋਰ ਦੇਂਦੇ ਸਨ ਕਿ ਪੁਲਿਸ ਦੀ ਲੋਕਾਂ ਵਿਚ ਜੋ ਛਵੀ ਹੈ, ਉਹ ਸੁਧਾਰੀ ਜਾਵੇ। ਬੜੇ ਸਾਲ ਪਹਿਲਾਂ ਜਸਟਿਸ ਮੁਲਾਂ ਨੇ ਇਹ ਕਿਹਾ ਸੀ ਕਿ ਪੁਲਿਸ ਦੇਸ਼ ਦੀ ਸਾਰਿਆਂ ਨਾਲੋਂ ਵੱਡੀ ਜਥੇਬੰਦਕ ਗੁੰਡਿਆਂ ਦੀ ਸੰਸਥਾ ਹੈ। ਪੰਜਾਬ ਪੁਲਿਸ ਦੀ ਜਿਹੜੀਆਂ ਵਧੀਕੀਆਂ ਹਨ ਉਹਨਾਂ ਦਾ ਇਕ ਲੰਮਾ ਇਤਿਹਾਸ ਹੈ। ਕੇ.ਪੀ.ਐਸ. ਗਿੱਲ ਦੀ ਕਾਰਗੁਜ਼ਾਰੀ ਬਾਰੇ ਦੋ ਰਾਵਾਂ ਹੋ ਸਕਦੀਆਂ ਹਨ ਪਰ ਇਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਉਹਦੇ ਵੇਲੇ ਬਹੁਤ ਤੇ ਬਹੁਤ ਵਧੀਕੀਆਂ ਹੋਈਆਂ ਹਨ। ਭਾਵੇਂ ਕਿਸੇ ਵੀ ਪੱਜ ਹੋਈਆਂ ਹਨ। ਜਸਵੰਤ ਖਾਲੜਾ ਦਾ ਕੇਸ ਵਧੀਕੀਆਂ ਦੀ ਮੂੰਹ ਬੋਲਦੀ ਤਸਵੀਰ ਹੈ। ਇਹਨਾਂ ਵਧੀਕੀਆਂ ਬਾਰੇ ਲੋਕ ਆਵਾਜ਼ ਹੀ ਹੈ ਜੋ ਹੁਣ ਦੇ ਡਾਇਰੈਕਟਰ ਜਨਰਲ ਪੁਲਿਸ ਓ.ਪੀ. ਸ਼ਰਮਾ ਨੂੰ ਹਦਾਇਤਾਂ ਤੇ ਹਦਾਇਤਾਂ ਦੇਣੀਆਂ ਪੈਣੀਆਂ ਪੈ ਰਹੀਆਂ ਹਨ ਕਿ ਉਹਦੀ ਫੋਰਸ ਦੇ ਵੱਡੇ ਅਫਸਰ ਲੋਕਾਂ ਵਿਚ ਜਾਣ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਪਰ ਕਹਿਣ ਵਾਲੇ ਕਹਿ ਰਹੇ ਹਨ ਕਿ ਪਰਨਾਲਾ ਉਥੇ ਦਾ ਉਥੇ ਹੀ ਰਹੇਗਾ ਜਿੰਨਾਂ ਚਿਰ ਪੁਲਿਸ ਦੀ ਬੁਨਿਆਦੀ ਸਿਖਲਾਈ ਨਹੀਂ ਬਦਲੀ ਜਾਂਦੀ।

ਪੁਲਿਸ ਵਾਲਿਆਂ ਦੀਆਂ ਰਗਾਂ ਵਿਚ ਹੀ ਲੋਕ ਦੋਖੀ ਜ਼ਹਿਨੀਅਤ ਭਰ ਦਿੱਤੀ ਜਾਂਦੀ ਹੈ। ਇਹਦੀ ਇਕ ਮਿਸਾਲ ਅੰਮ੍ਰਿਤਸਰ ਜੇਲ੍ਹ ਵਿਚ ਵਾਪਰੀ ਇਕ ਘਟਨਾ ਹੈ। ਅਖ਼ਬਾਰ ਵਿਚ ਇਕ ਦੁਖੀ ਬਾਪ ਦੀ ਚਿੱਠੀ ਆਈ ਹੈ, ਜੋ ਇਕ ਕਤਲ ਕੇਸ 'ਚ ਜੇਲ੍ਹ 'ਚ ਬੰਦ ਹਨ ਕਿ ਬਲਦੇਵ ਸਿੰਘ ਡੀ.ਐਸ.ਪੀ ਤੇ ਉਹਦੇ ਗੰਨਮੈਨ ਨੇ ਜੇਲ੍ਹ ਵਿਚ ਵਾਲੀਬਾਲ ਖੇਡਦੇ ਉਨ੍ਹਾਂ ਦੇ ਪੁੱਤਰ ਪਰਗਟ ਸਿੰਘ ਨੂੰ ਏਨਾ ਕੁੱਟਿਆ ਕਿ ਉਹ ਜੇਲ੍ਹ ਦੇ ਹਸਪਤਾਲ ਵਿਚ ਮੌਤ ਦੀਆਂ ਘੜੀਆਂ ਉਡੀਕ ਰਿਹਾ ਹੈ। ਉਹਦਾ ਕਸੂਰ ਇਹ ਸੀ ਕਿ ਉਹਦੇ ਕੋਲੋਂ ਵਾਲੀਬਾਲ ਠੀਕ ਨਹੀਂ ਸੁੱਟਿਆ ਗਿਆ। ਪੁਲਿਸ ਵਾਲੇ ਆਪਣੀ ਜ਼ਹਿਨੀਅਤ ਜੇਲ੍ਹ ਵਿਚ ਵੀ ਨਹੀਂ ਤਿਆਗਦੇ। ਸਮਾਂ ਆ ਗਿਆ ਹੈ ਕਿ ਲੋਕ ਆਵਾਜ਼ ਰਾਜਸੀ ਪਾਰਟੀਆਂ ਨੂੰ ਮਜਬੂਰ ਕਰੇ ਕਿ ਉਹ ਆਪਣੇ ਚੋਣ ਮਨੋਰਥਾਂ ਵਿਚ ਇਹ ਗੱਲ ਦਰਜ ਕਰਨ ਕਿ ਜੇ ਉਹਨਾਂ ਦਾ ਰਾਜ ਆ ਗਿਆ ਤਾਂ ਉਹ ਇਸ ਮਸਲੇ ਬਾਰੇ ਕੀ ਪੱਕੇ ਕਦਮ ਚੁੱਕਣਗੇ ਕਿ ਪੁਲਿਸ ਜ਼ਿਆਦਤੀਆਂ ਖਤਮ ਹੋਣ। ਐਵੇਂ ਉਤਲੀਆਂ-ਉਤਲੀਆਂ ਗੱਲਾਂ ਕਰਨੀਆਂ ਕਾਫੀ ਨਹੀਂ। ਸਮਾਜ ਵਿਚ ਪੁਲਿਸ ਵਰਤਾਰਾ ਇਕ ਗੰਭੀਰ ਮਸਲਾ ਹੈ ਤੇ ਇਹਦੇ ਬਾਰੇ ਗੰਭੀਰਤਾ ਨਾਲ ਹੀ ਸੋਚਣਾ ਬਣਦਾ ਹੈ।

ਗੁਰਸ਼ਰਨ ਸਿੰਘ



ਬੁੱਢੀਆਂ ਹੋਈਆਂ ਹੱਡੀਆਂ ਤਨ ਠੁਰਕੂੰ-ਠੁਰਕੂੰ
ਢਿੱਡ ਨੂੰ ਝੁਲਕਾ ਦੇਣ ਦਾ, ਨਹੀਂ ਮੁੱਕਿਆ ਧੁੜਕੂ

ਫੋਟੋ : ਸਵਰਨ ਸਿੰਘ ਟਿੱਲੋਂ

## ਇੱਕ ਖਬਰ ਦੀ ਮਹੱਤਤਾ

ਸਾਡੀਆਂ ਅਖਬਾਰਾਂ ਵਿਚ ਬਹੁਤੀ ਥਾਂ ਕੁਝ ਸਮਾਜਕ ਖਬਰਾਂ ਅੱਖੋਂ-ਪਰੋਖੀਆਂ ਰਹਿੰਦੀਆਂ ਹਨ ਭਾਵੇਂ ਉਹਨਾਂ ਦੀ ਬੜੀ ਮਹੱਤਤਾ ਹੁੰਦੀ ਹੈ। ਇਕ ਐਸੀ ਖਬਰ ਹੈ ਕਿ ਰੋਡਵੇਜ਼ ਦੇ ਜਲੰਧਰ ਡਿਪੂ ਨੇ ਇਕ ਐਕਸ਼ਨ ਕਮੇਟੀ ਬਣਾਈ ਹੈ ਜੋ ਇਸ ਨਿਸ਼ਾਨੇ ਤੇ ਕੰਮ ਕਰ ਰਹੀ ਹੈ ਕਿ ਰੋਡਵੇਜ਼ ਦੇ ਨਿੱਜੀਕਰਨ ਦੀ ਥਾਂ ਉਹਦਾ ਪ੍ਰਬੰਧ ਸੁਧਾਰਿਆ ਜਾਏ ਤਾਂ ਜੋ ਪੈਂਦਾ ਘਾਟਾ ਖਤਮ ਕੀਤਾ ਜਾ ਸਕੇ। ਇਸ ਐਕਸ਼ਨ ਕਮੇਟੀ ਦੀ ਦਖਲ-ਅੰਦਾਜ਼ੀ ਨਾਲ ਜਲੰਧਰ ਡਿਪੂ ਨੂੰ ਇਕ ਦਿਨ ਵਿਚ 74,451/- ਦੀ ਵੱਧ ਆਮਦਨ ਹੋਈ। ਇਹ ਕੋਈ ਮਾਮੂਲੀ ਰਕਮ ਨਹੀਂ। ਜੇ ਰੋਡਵੇਜ਼ ਦੇ ਕਾਮੇ ਅਦਾਰੇ ਵਿਚ ਅਸਰਦਾਇਕ ਦਖਲ-ਅੰਦਾਜ਼ੀ ਕਰਨ ਤਾਂ ਰੋਡਵੇਜ਼ ਇਕ ਆਮਦਨ ਵਾਲਾ ਅਦਾਰਾ ਹੋ ਸਕਦਾ ਹੈ।

ਆਪਣੇ ਹੱਕਾਂ ਲਈ ਉਹ ਆਪਣੀਆਂ ਯੂਨੀਅਨਾਂ ਰਾਹੀਂ ਦੱਸਣ ਪਰ ਇਹ ਵੀ ਵੇਖਣਾ ਉਹਨਾਂ ਦਾ ਫਰਜ਼ ਹੈ ਕਿ ਉਹ ਅਦਾਰੇ ਸਹੀ ਤਰੀਕੇ ਨਾਲ ਕੰਮ ਕਰਨ।

ਰੋਡਵੇਜ਼ ਦੇ ਕਾਮੇ ਹੋਣ, ਬਿਜਲੀ ਬੋਰਡ ਦੇ ਕਾਮੇ ਹੋਣ, ਬੈਂਕ ਕਾਮੇ ਹੋਣ, ਉਹਨਾਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਜਵਾਬਦੇਹ ਹਨ। ਨਿੱਜੀਕਰਨ ਦੇ ਲੋਕ ਵਿਰੋਧੀ ਅਤੇ ਖਤਰਨਾਕ ਰੁਝਾਣ ਨੂੰ ਇਹ ਅਹਿਸਾਸ ਤੇ ਬਚਨਬੱਧਤਾ ਠੱਲ ਪਾ ਸਕਦੀ ਹੈ।

## ਸ੍ਰ. ਬੂਟਾ ਸਿੰਘ ਭੁੱਲ ਬਖਸ਼ਾਏਗਾ

ਖਬਰ ਹੈ ਕਿ ਬੂਟਾ ਸਿੰਘ ਹੁਣ ਹਰਿਮੰਦਰ ਸਾਹਿਬ ਆਵੇਗਾ। ਆਪਣੇ ਗਲ ਵਿਚ ਫੱਟੀ ਪਾਏਗਾ, ਜਿਸ ਉੱਤੇ ਲਿਖਿਆ ਹੋਵੇਗਾ, "ਮੈਂ ਮਚਲਾ ਹਾਂ, ਮੈਂ ਚੋਰ ਹਾਂ, ਮੈਂ ਹਵਾਲਾ ਕਾਂਡ ਦਾ ਦੋਸ਼ੀ ਹਾਂ, ਮੈਨੂੰ ਮੁਆਫ ਕਰੋ। ਮੈਂ ਹੁਣ ਲੰਗਰ ਵਿਚ ਭਾਂਡੇ ਮਾਂਜਾਂਗਾ, ਮੈਂ ਜੋੜੇ ਸਾਫ ਕਰਾਂਗਾ।" ਉਸਦੀ ਇਹ ਹਲੀਮੀ ਵੇਖ ਕੇ ਮਰਿਆਦਾ ਅਨੁਸਾਰ ਸੰਗਤ ਉਸਨੂੰ ਮੁਆਫ ਕਰੇਗੀ। ਉਹਦਾ ਸਾਰਾ ਪਿਛਲਾ ਕੀਤਾ ਗੁਨਾਹ ਧੋਤਾ ਜਾਏਗਾ। ਫੇਰ ਉਹ ਉਡੀਕ ਕਰੇਗਾ ਕਿ ਕਦੋਂ ਉਹ ਵਜ਼ੀਰ ਬਣੇ ਤੇ ਕਿਸੇ ਹੋਰ ਹਵਾਲਾ ਕਾਂਡ ਦਾ ਨਾਇਕ ਬਣੇ।

*(ਇਹ ਇਕ ਵਿਅੰਗ ਹੈ)*